# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 29-07-2024**

ਕੇਂਦਰੀ ਰੇਲਵੇ ਤੇ ਫੂਡ ਪ੍ਰੋਸੈਸਿੰਗ ਉਦਯੋਗ ਰਾਜ ਮੰਤਰੀ, ਰਵਨੀਤ ਸਿੰਘ ਬਿੱਟੂ ਨੇ ਕਿਹਾ ਏ, ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ, ਦੇਸ਼ ਨੂੰ ਹਰ ਪੱਖੋਂ ਮੋਹਰੀ ਬਣਾਉਣ ਲਈ ਵਚਨਬੱਧ ਏ। ਸੰਗਰੂਰ ਵਿਖੇ ਕਲ ਆਮ ਲੋਕਾਂ ਨਾਲ ਗੱਲਬਾਤ ਕਰਦਿਆਂ, ਉਨ੍ਹਾਂ ਕਿਹਾ ਕਿ BJP ਸਰਕਾਰ ਵਲੋਂ ਇਸ ਵਾਰ ਆਪਣਾ ਰੇਲਵੇ ਬਜਟ, ਪੰਜ ਹਜ਼ਾਰ ਕਰੋੜ ਰੁਪਏ ਤੋਂ ਵੱਧ ਰੱਖਿਆ ਗਿਆ ਏ ਅਤੇ ਇਸ ਨਾਲ ਪੰਜਾਬ ਸਮੇਤ ਦੇਸ਼ ਭਰ ਦੇ ਰੇਲਵੇ ਸਟੇਸ਼ਨ ਅਤਿ ਆਧੁਨਿਕ ਬਣਾਏ ਜਾਣਗੇ । ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਤਕਰੀਬਨ ਸਾਰੀਆਂ ਰੇਲਵੇ ਲਾਇਨਾਂ ਦਾ ਬਿਜਲੀਕਰਨ ਹੋ ਚੁੱਕਾ ਏ ਅਤੇ ਸੰਗਰੂਰ ਜ਼ਿਲ੍ਹੇ ਦੇ ਸਾਰੇ ਰੇਲਵੇ ਸਟੇਸ਼ਨ ਅੱਪਗ੍ਰੇਡ ਕੀਤੇ ਜਾਣਗੇ ਤੇ ਕੇਂਦਰ ਵੱਲੋਂ ਵਿਸ਼ੇਸ਼ ਯੋਜਨਾ ਉਲੀਕ ਕੇ ਸੰਗਰੂਰ ਜ਼ਿਲ੍ਹੇ ਨੂੰ ਉਦਯੋਗਿਕ ਪੱਖੋਂ ਵਿਕਸਿਤ ਕੀਤਾ ਜਾਵੇਗਾ । ਸੂਬਾ

ਸਰਕਾਰ ਵੱਲੋਂ, ਕੇਂਦਰੀ ਵਿੱਤ ਕਮਿਸ਼ਨ ਦੀ ਮੀਟਿੰਗ ਦਾ ਬਾਈਕਾਟ ਬਾਰੇ, ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਇਹ ਸੂਬੇ ਲਈ ਮੰਦਭਾਗਾ ਏ, ਅਤੇ ਜਦੋਂ ਸੂਬਾ ਸਰਕਾਰ ਕੋਲ ਕੰਮ ਕਰਵਾਉਣ ਲਈ, ਕੋਈ ਫੰਡ ਹੀ ਨਹੀਂ ਏ, ਤਾਂ ਕੇਂਦਰ ਦੇ ਯਤਨਾਂ ਦਾ ਬਾਈਕਾਟ ਕਰਕੇ, ਉਹ ਕੀ ਸਾਬਿਤ ਕਰਨਾ ਚਾਹੁੰਦੇ ਨੇ। ਉਨ੍ਹਾਂ ਕਿਹਾ ਕਿ ਇਸ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ, ਕਿੰਨੇ ਹੀ ਕੇਂਦਰੀ ਪ੍ਰੋਜੈਕਟ ਰੱਦ ਹੋ ਚੁੱਕੇ ਨੇ ਅਤੇ ਮੁੱਖ ਮੰਤਰੀ ਸਮੇਤ ਸਾਰੇ ਮੰਤਰੀ, ਹਵਾਈ ਗੱਲਾਂ ਕਰਕੇ ਲੋਕਾਂ ਦਾ ਧਿਆਨ ਭਟਕਾ ਰਹੇ ਨੇ। ਕੇਂਦਰੀ ਰਾਜ ਮੰਤਰੀ ਦੀ ਸੰਗਰੂਰ ਫੇਰੀ ਲਈ ਧੰਨਵਾਦ ਕਰਦਿਆਂ, ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਭਰੋਸਾ ਏ, ਕਿ ਸੰਗਰੂਰ ਵਾਸੀਆਂ ਦੀਆਂ ਮੰਗਾਂ ਦਾ ਰਵਨੀਤ ਸਿੰਘ ਬਿੱਟੂ ਢੁਕਵਾਂ ਹੱਲ ਕੱਢਣਗੇ।

---------------------------------------------------------------

ਸੀਮਾ ਸੁਰੱਖਿਆ ਬਲ ਨੇ, ਅੰਮ੍ਰਿਤਸਰ ਜ਼ਿਲੇ ਦੇ ਸਰਹੱਦੀ ਪਿੰਡ ਸਿੰਘੋਕੇ ਵਿੱਚ, ਪਾਕਿਸਤਾਨੀ ਹਥਿਆਰ ਬਰਾਮਦ ਕੀਤੇ ਨੇ । ਇਹ ਅੰਦਾਜ਼ਾ ਲਗਾਇਆ ਜਾ ਰਿਹਾ ਏ, ਕਿ ਹਥਿਆਰ ਪਾਕਿਸਤਾਨੀ ਤਸਕਰਾਂ ਨੇ ਛੱਡੇ

ਹੋਣਗੇ। ਬਲ ਦੇ ਜਵਾਨਾਂ ਨੇ ਕੌਮਾਂਤਰੀ ਸਰਹੱਦ ਤੱਕ ਕੰਡਿਆਲੀ ਤਾਰ ਤੋਂ ਪਾਰ ਤਲਾਸ਼ੀ ਮੁਹਿੰਮ ਚਲਾਈ ਅਤੇ ਇਸ ਦੌਰਾਨ ਇਹ ਹਥਿਆਰ ਬਰਾਮਦ ਹੋਏ। ਇਨਾਂ ਵਿਚ 12 ਬੋਰ ਦੀ ਇੱਕ ਬੰਦੂਕ, 2 ਅਣਚਲੇ ਕਾਰਤੂਸ ਅਤੇ 1 ਚੀਨੀ ਚਾਕੂ ਸ਼ਾਮਲ ਏ। ਬਰਾਮਦ ਕਾਰਤੂਸ 'ਤੇ ਮੇਡ ਇਨ ਪਾਕਿਸਤਾਨ ਲਿਖਿਆ ਹੋਇਆ ਏ। ਜਵਾਨਾਂ ਨੇ ਹਥਿਆਰ ਜ਼ਬਤ ਕਰਕੇ ਅਗੇ ਕਾਰਵਾਈ ਸ਼ੁਰੂ ਕਰ ਦਿੱਤੀ ਏ।

----------------------------------------------------

ਲੁਧਿਆਣਾ ਜ਼ਿਲੇ ਦੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਤੇ ਡਾਇਰੈਕਟਰ ਭਰਤੀ ਕਰਨਲ ਡੀ ਪੀ ਸਿੰਘ ਨੇ ਕਿਹਾ ਏ, ਕਿ ਕਿ ਪੀ.ਏ.ਯੂ. ਲੁਧਿਆਣਾ ਦੇ ਗਰਾਊਂਡ ਵਿਖੇ, ਫੌਜ ਦੀ ਭਰਤੀ ਰੈਲੀ ਦਾ ਪ੍ਰਬੰਧ ਇਕ ਤੋਂ 4 ਅਗਸਤ ਤੱਕ ਕੀਤਾ ਜਾ ਰਿਹਾ ਏ। ਰੈਲੀ ਦੀਆਂ ਤਿਆਰੀਆਂ ਸਬੰਧੀ, ਜ਼ਿਲ੍ਹਾ ਪ੍ਰਸ਼ਾਸਨ ਅਤੇ ਫੌਜ ਦੇ ਅਧਿਕਾਰੀਆਂ ਨੇ ਸਾਂਝੇ ਤੌਰ ਤੇ ਜਾਇਜ਼ਾ ਵੀ ਲਿਆ। ਉਨਾਂ ਦੱਸਿਆ ਕਿ ਜਿਨਾਂ ਉਮੀਦਵਾਰਾਂ ਦਾ ਲਿਖ਼ਤੀ ਟੈਸਟ ਅਤੇ ਰਜਿਸਟ੍ਰੇਸ਼ਨ, ਪਹਿਲਾ ਹੀ ਮੁਕੰਮਲ ਹੋ ਚੁੱਕਿਆ ਏ, ਉਨਾਂ ਦਾ ਫਿਜ਼ੀਕਲ ਤੇ ਫਿਟਨੈਂਸ ਟੈਸਟ ਇਸ

ਰੈਲੀ ਵਿਚ ਹੋਵੇਗਾ। ਡਿਪਟੀ ਕਮਿਸ਼ਨਰ ਸਾਹਨੀ ਤੇ ਕਰਨਲ ਡੀ.ਪੀ. ਸਿੰਘ ਨੇ ਦੱਸਿਆ ਕਿ ਫੌਜ ਦੀ ਭਰਤੀ ਰੈਲੀ ਵਿੱਚ, ਮੋਗਾ, ਲੁਧਿਆਣਾ, ਐਸ.ਏ.ਐਸ. ਨਗਰ ਅਤੇ ਰੂਪਨਗਰ ਜ਼ਿਲ੍ਹਿਆਂ ਤੋਂ ਕੋਈ ਢਾਈ ਹਜ਼ਾਰ ਉਮੀਦਵਾਰ ਹਿੱਸਾ ਲੈਣਗੇ। ਉਨ੍ਹਾਂ ਕਿਹਾ ਕਿ ਰੈਲੀ ਲਈ ਪੁੱਖਤਾ ਪ੍ਰਬੰਧ ਕੀਤੇ ਗਏ ਨੇ। ਉਨ੍ਹਾਂ ਲਿਖ਼ਤੀ ਟੈਸਟ ਪਾਸ ਤੇ ਰਜਿਸਟ੍ਰੇਸ਼ਨ ਹੋ ਚੁੱਕੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ, ਕਿ ਇਸ ਰੈਲੀ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਕਰਨ, ਤਾਂ ਜੋ ਦੇਸ਼ ਸੇਵਾ ਵਿੱਚ ਯੋਗਦਾਨ ਪਾਉਣ ਲਈ, ਸੁਨਹਿਰੇ ਮੌਕੇ ਦਾ ਲਾਹਾ ਲਿਆ ਜਾ ਸਕੇ।

---------------------------------------------------------------------

ਸੌਣ ਮਹੀਨੇ ਦਾ ਅੱਜ ਦੂਜਾ ਸੋਮਵਾਰ ਏ। ਇਸ ਮੌਕੇ ਤੇ ਸੂਬੇ ਭਰ ਦੇ ਸ਼ਿਵ ਮੰਦਰਾਂ ਵਿਚ ਜਲਾਭਿਸ਼ੇਕ ਲਈ ਸਵੇਰ ਤੋਂ ਹੀ ਕਤਾਰਾਂ ਲੱਗੀਆਂ ਹੋਇਆਂ ਨੇ ਅਤੇ ਮੰਦਰ ਭੋਲੇ ਨਾਥ ਦੇ ਜੈਕਾਰਿਆਂ ਨਾਲ ਗੂੰਜ ਰਹੇ ਨੇ। ਜਲੰਧਰ ਦੇ ਪ੍ਰਸਿੱਧ ਸ਼ਕਤੀ ਪੀਠ ਸ਼੍ਰੀ ਦੇਵੀ ਤਾਲਾਬ ਮੰਦਿਰ ਵਿਚ ਵੱਡੀ ਗਿਣਤੀ ਵਿਚ ਸ਼ਰਧਾਲੂ ਪੁੱਜ ਰਹੇ ਨੇ। ਇਹ ਸ਼ਰਧਾਲੂ ਮੰਦਰਾਂ ਵਿਚ ਭਗਵਾਨ ਸ਼ਿਵ ਭੋਲੇ ਦੀ ਪੂਰੀ ਸ਼ਰਧਾ ਤੇ ਵਿਧੀ ਵਿਧਾਨ ਨਾਲ ਪੂਜਾ

ਅਰਚਨਾ ਕਰ ਰਹੇ ਨੇ। ਮੰਦਰਾਂ ਵਿਚ ਸ਼ਿਵਲਿੰਗ ਦਾ ਜਲਾਭਿਸ਼ੇਕ ਕੀਤਾ ਜਾ ਰਿਹਾ ਏ ਅਤੇ ਬਿਲਵਪਤਰ, ਧਤੂਰਾ, ਭੰਗ, ਦੁੱਧ, ਫਲ, ਫੁੱਲ, ਸ਼ਹਿਦ ਅਤੇ ਚੰਦਨ ਸ਼ਰਧਾ ਨਾਲ ਚੜ੍ਹਾਏ ਜਾ ਰਹੇ ਨੇ। ਸੌਣ ਦੇ ਮਹੀਨੇ ਦੌਰਾਨ ਭਗਵਾਨ ਸ਼ਿਵ ਭੋਲੇ ਨਾਥ ਦੀ ਪੂਜਾ ਦਾ ਖਾਸ ਮਹੱਤਵ ਏ।

---------------------------------------------------------

ਭਾਰਤੀ ਮਰਦ ਹਾਕੀ ਟੀਮ ਅੱਜ ਆਪਣਾ ਅਗਲਾ ਮੈਚ ਅਰਜਨਟੀਨਾ ਨਾਲ ਖੇਡੇਗੀ। ਅੱਜ ਸ਼ਾਮ ਸਵਾ ਚਾਰ ਵਜੇ ਸ਼ੁਰੂ ਹੋਣ ਵਾਲੇ ਇਸ ਮੈਚ ਦਾ, ਆਕਾਸ਼ਵਾਣੀ ਤੇ ਅੱਖੀਂ ਡਿਠਾ ਹਾਲ ਪ੍ਰਸਾਰਤ ਕੀਤਾ ਜਾਵੇਗਾ। ਹਾਕੀ ਦੇ ਆਪਣੇ ਪਹਿਲੇ ਮੈਚ ਵਿਚ, ਭਾਰਤੀ ਟੀਮ ਨੇ ਨਿਊਜ਼ੀਲੈਂਡ ਨੂੰ 3 - 2 ਨਾਲ ਹਰਾਇਆ ਸੀ।

---------------------------------------------------------

ਜਲੰਧਰ ਸਮੇਤ ਪੰਜਾਬ ਦੇ ਕਈ ਜ਼ਿਲਿਆਂ ਵਿਚ, ਅੱਜ ਸਵੇਰੇ ਹਲਕੇ ਤੋਂ ਦਰਮਿਆਨਾ ਮੀਂਹ ਪਿਆ। ਇਸ ਮੀਂਹ ਨਾਲ ਮੌਸਮ ਕਾਫੀ ਸੁਹਾਵਣਾ ਬਣ ਗਿਆ ਏ ਅਤੇ ਲੋਕਾਂ ਨੂੰ ਹੁੰਮਸ ਭਰੀ ਗਰਮੀ ਤੋਂ ਕੁਝ ਰਾਹਤ ਮਿਲੀ ਏ। ਮੌਸਮ ਵਿਭਾਗ ਨੇ, ਸੂਬੇ ਦੇ 5 ਜ਼ਿਲ੍ਹਿਆਂ ਵਿੱਚ

ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਨਵਾਂਸ਼ਹਿਰ ਵਿੱਚ ਮੀਂਹ ਪੈਣ ਦੀ ਸੰਭਾਵਨਾ ਨੂੰ ਲੈ ਕੇ, ਯੈਲੋ ਅਲਰਟ ਜਾਰੀ ਕੀਤਾ ਏ।

-----------------------------------------------------------

ਗਣਤੰਤਰ ਦਿਵਸ 2025 ਦੇ ਮੌਕੇ 'ਤੇ ਐਲਾਨੇ ਜਾਣ ਵਾਲੇ, ਪਦਮ ਪੁਰਸਕਾਰਾਂ ਲਈ ਨਾਮਜ਼ਦਗੀਆਂ ਅਤੇ ਸਿਫ਼ਾਰਸ਼ਾਂ ਆਨਲਾਈਨ ਪ੍ਰਾਪਤ ਕਰਨ ਲਈ, ਪੋਰਟਲ 15 ਸਤੰਬਰ ਤੱਕ ਖੁੱਲ੍ਹਾ ਰਹੇਗਾ । ਕੇਂਦਰੀ ਗ੍ਰਹਿ ਮੰਤਰਾਲੇ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਗਣਤੰਤਰ ਦਿਵਸ 2025 ਦੇ ਮੌਕੇ 'ਤੇ ਐਲਾਨੇ ਜਾਣ ਵਾਲੇ ਪਦਮ ਪੁਰਸਕਾਰ 2025 ਲਈ, ਨਾਮਜ਼ਦਗੀਆਂ ਅਤੇ ਸਿਫ਼ਾਰਿਸ਼ਾਂ ਪਹਿਲੀ ਮਈ, 2024 ਤੋਂ ਸ਼ੁਰੂ ਹੋ ਗਈਆਂ ਨੇ । ਪਦਮ ਪੁਰਸਕਾਰਾਂ ਲਈ ਨਾਮਜ਼ਦਗੀਆਂ ਅਤੇ ਸਿਫ਼ਾਰਿਸ਼ਾਂ ਨੈਸ਼ਨਲ ਅਵਾਰਡ ਪੋਰਟਲ awards.gov.in 'ਤੇ ਆਨਲਾਈਨ ਪ੍ਰਾਪਤ ਕੀਤੀਆਂ ਜਾਣਗੀਆਂ । ਮੰਤਰਾਲੇ ਦੇ ਬਿਆਨ ਅਨੁਸਾਰ, ਸਰਕਾਰ ਪਦਮ ਪੁਰਸਕਾਰਾਂ ਨੂੰ "ਲੋਕਾਂ ਦੇ ਪਦਮ" ਵਿੱਚ ਬਦਲਣ ਲਈ ਵਚਨਬੱਧ ਏ ।